# Sikh Society of Michigan

## Amrit keertan
## Mahankosh
## Maansarovar

## Lesson #3
## Grade 5

# AMRIT KEERTAN

• Amrit Keertan – also called Pothi is a compilation of shabads from Sri Guru Granth Sahib ji, Dasam Granth, Bhai Gurdas Ji's vaars and Bhai Nand Lal ji's writings.

• The collection of shabads is sorted by topic or bani type. Examples:

• ਆਸਾ ਦੀ ਵਾਰ
- ਬੀਰ ਰਸ
- ਨਾਮ ਸਿਮਰਨ
- ਵਾਰਾਂ ਭਾਈ ਗੁਰਦਾਸ ਜੀ (Guru related)



# AMRIT KEERTAN

- Amrit Keertan includes two table of contents:
    - ਪਰਕਰਣ - Division by topics such as ਅਰਦਾਸ, ਅਕਾਲ ਪੁਰਖ
    - ਸਬਦਾਂ ਦਾ ਤਤਕਰਾ – Alphabetic order listing of all shabads
- Shabads can be searched by:
    - Topic or
    - Alphabetic Order

• Alphabetic order search for shabds will only include either the first line of the shabad or the Rahao line.

- Each shabad includes the following:
    - Title as listed in Guru Granth Sahib ji or other collections
    - Page number in Guru Granth Sahib ji or other collections

# MAHANKOSH






- Written by **Bhai Kahn Singh Nabha**
- Born Aug 30, 1861 and died Nov 24, 1938
- First encyclopedia (Panjabi / Gurbani)
- It contains more than 70,000 words, arranged in the alphabetical order of the Gurmukhi script covering religious and historical terms in the Sikh canon
- **14 years to compile**
- He authored many other books inlcuding **Hum Hindu Nahi** – which was a wake up call to all Sikhs **to stop practicing non sikhi rituals.**
- Format of Mahankosh is like a Dictionary
- Includes maps, pictures and thousands of words in alphabetic order
- Words include noun and adjective forms, meanings, historical references and Gurbani references where applicable
- Urdu and English references included where applicable



# MAHANKOSH : Example

ਉ: ਪੰਜਾਬੀ ਵਰਣਮਾਲਾ (ਪੈਂਤੀ) ਦਾ ਪਹਿਲਾ ਸ੍ਵਰ ਅੱਖਰ ਊੜਾ, ਇਸ ਦਾ ਉੱਚਾਰਣ ਹੋਠਾਂ ਦੀ ਸਹਾਇਤਾ ਤੋਂ ਹੁੰਦਾ ਹੈ. ਊੜੇ ਤੋਂ (ੁ) (ੂ) (ੋ) ਅਤੇ (ੌ) ਮਾਤ੍ਰਾ (ਲਗਾਂ) ਬਣਦੀਆਂ ਹਨ.

ਉ: ਸੰ. उ. ਸੰਗਜਾ- ਬ੍ਰਹਮਾ। ੨. ਵਿਸ਼ਨੁ। ੩. ਸ਼ਿਵ। ੪. ਵਜ- ਅਸਚਰਜ. ਵਿਸਮਯ. ਹੈਰਾਨੀ।

੫. ਸੰਬੋਧਨ। ੬. ਭੀ. ਪੁਨਹ। ੭. ਪੁਰਾਣੀ, ਪੰਜਾਬੀ ਵਿੱਚ- ਉ- ਹੋੜੇ ਕਨੌੜੇ, ਮ- ਯ- ਵ ਅਤੇ ਵਾਉ (و) ਦੀ ਥਾਂ ਭੀ ਵਰਤਿਆ ਜਾਂਦਾ ਹੈ, ਜੈਸੇ ਕਰੋ ਦੀ ਥਾਂ ਕਰਉ, ਜਪੋ- ਜਪਉ, ਔਰ- ਅਉਰ, ਹੌਮੈ- ਹਉਮੈ, ਜੌ- ਜਉ, ਕਮਲ- ਕਉਲ, ਭ੍ਰਮਰ- ਭਉਰ, ਆਯੁਸ਼ਾ- ਆਉਖਾ, ਅਵਗੁਣ- ਅਉਗਣ, ਦੇਵ- ਦੇਉ, ਵਕਰ- ਉਕਰ, ਅਤੇ ਵ੍ਯੂ ਦੀ ਥਾਂ ਉਜੂ ਆਦਿ.

ਉਂ: ਵਜ- ਪ੍ਰਸ਼ਨ, ਕ੍ਰੋਧ, ਵਰਜਨ (ਹਟਾਉਣਾ) ਅਤੇ ਅਸਚਰਜ ਬੋਧਕ ਸ਼ਬਦ.

ਉਅਸਤੁਆ, ਉਅਸਤ੍ਵਾ: ਵਾ- ਊੜੇ ਅੱਖਰ ਕਰਕੇ ਹੈਂ ਤੂੰ. ਤੇਰੇ ਤਾਈਂ "ਉ" ਬੋਧਨ ਕਰਦਾ ਹੈ. (ਗਜਾ- ਨ) ਦੇਖੋ, ਉਕਾਰ ਸ਼ਬਦ ਵਿੱਚ ਇਸ ਦਾ ਪੂਰਾ ਅਰਥ.

ਉਆ: ਸਰਵ- ਉਸ. ਵਿਭਕ੍ਤੀ ਸਹਿਤ ਉਹ (ਵਹ) ਸ਼ਬਦ ਦਾ ਰੂਪ ਹੈ. "ਉਆ ਅਉਸਰ ਕੈ ਹਉ ਬਲਿਜਾਈ."

(ਸਾਰ ਮ ੫) "ਉਆ ਕਾ ਅੰਤ ਨਾ ਜਾਨੈ ਕੋਊ." (ਬਾਵਨ) "ਉਆ ਤੇ ਉਤਮੁ ਗਨਉ ਚੰਡਾਲਾ." (ਬਾਵਨ)

ਉਆਹਿ: ਉਸ ਦੇ. ਉਸ ਨੂੰ "ਉਆਹਿ ਜਪੇ ਬਿਨ ਉਬਰ ਨ ਹੋਊ." (ਬਾਵਨ)

ਉਇ: ਸਰਵ- ਉਹ. ਵਹ. "ਉਇ ਸੁਖ ਕਾਸਿਉ ਬਰਨ ਸੁਨਾਵਤ." (ਸਾਰ ਮ ੫) ੨. ਦੇਖੋ, ਓਇ.

ਉਸ: ਸਰਵ- ਇਹ ਵਿਭਕ੍ਤੀ ਸਹਿਤ ਉਹ (ਵਹ) ਸ਼ਬਦ ਦਾ ਰੂਪ ਹੈ. "ਉਸ ਊਪਰਿ ਹੈ ਮਾਰਗ ਮੇਰਾ." (ਸੂਹੀ ਫਰੀਦ) ੨. ਸਿੰਧੀ ਸੰਗਜਾ- ਧੁੱਪ. ਸੂਰਯ (ਸੂਰਜ) ਦਾ ਪ੍ਰਕਾਸ਼। ੩. ਸੰ. उषू, ਉਸ਼੍. ਧਾ- ਤਪਾਉਣਾ. ਜਲਾਉਣਾ. ਮਾਰਣਾ. ਇਸੇ ਤੋਂ ਉਸ਼੍ਟ੍ਰ, ਉਸ਼ਣ, ਉਸ਼ਣੀਸ਼ ਆਦਿ ਸ਼ਬਦ ਬਣਦੇ ਹਨ.

ਉਸਕਣਾ: ਦੇਖੋ, ਉਕਸਨਾ. ੨. ਉਸਾਸ (ਉਛਾਸ)

ਉਸਕਨਾ: ਲੈਣਾ, ਲੰਮਾ ਸਾਹ ਭਰਨਾ. ਠੰਢਾ ਸਾਹ ਲੈਣਾ.

ਉਸਗਾ: ਦੇਖੋ, ਅਸਗਾ.

ਉਸਟ: ਸੰ. उष्ट्र. ਸੰਗਜਾ- उष्- ਉਸ਼੍ ਧਾਤੁ ਦਾ ਅਰਥ ਹੈ ਤਪਾਉਣਾ, ਦਾਹ ਕਰਨਾ (ਜਲਾਉਣਾ), ਜੋ ਕਾਠ ਕਵਾੜ ਖਾਕੇ ਮੇਦੇ ਦੀ ਅੱਗ ਨਾਲ ਪਚਾ ਜਾਵੇ, ਉਹ ਉਸ੍ਟ੍ਰ ਹੈ. ਉੱਠ ਊਂਟ. ਊਠ. ਦੀਰਘਗ੍ਰੀਵ. ਫ਼ਾ. اشتر ਉਸ਼ਤੁਰ ਅਤੇ ਸ਼ੁਤਰ.[1] "ਤੁਰੇ ਉਸਟ ਮਾਇਆ ਮਹਿ ਭੇਲਾ." (ਭੈਰ ਕਬੀਰ) ਦੇਖੋ, ਕਰਹਲ. ੨. ਸੰ. ਓਸ਼ਠ. ਹੋਠ. ਬੁਲ੍ਹ "ਫਰਕੰਤ ਉਸਟ ਰੁ ਨੈਨ." (ਦੱਤਾਵ) ਕ੍ਰੋਧ ਨਾਲ ਫਰਕਦੇ ਹਨ ਹੋਠ ਅਰ ਨੇਤ੍ਰ. ਦੇਖੋ, ਓਸਟ. ਅਤੇ ਅਧੀ.

ਉਸਟਨ: ਸੰ. उत्सर्जन- ਉਤ੍ਸਰ੍ਜਨ. ਸੰਗਜਾ- ਸਿੱਟਣਾ. ਛੱਡਣਾ. "ਇਕ ਪਾਣੀ ਵਿਚ ਉਸਟੀਅਹਿ." (ਵਾਰ ਸੋਰ ਮਃ ੩) ਪਾਣੀ ਵਿੱਚ ਸੁੱਟੀਦੇ ਹਨ.

ਉਸਟਰ: ਦੇਖੋ ਉਸਟ.

ਉਸਟਰੁ ਨੈਨ: ਓਸ੍ਠ (ਹੋਠ) ਅਰੁ ਨੈਨ ਨੇਤ੍ਰ). ਦੇਖੋ, ਉਸਟ ੨.

ਉਸਟੀਅਹਿ: ਦੇਖੋ, ਉਸਟਨ.

---

[1] ਹਿੰਦੂਸ਼ਾਸਤ੍ਰਾਂ ਵਿੱਚ ਊਂਟ ਅਪਵਿਤ੍ਰ ਜੀਵ ਹੈ ਅਤੇ ਇਸ ਦੀ ਸਵਾਰੀ ਅਪਵਿਤ੍ਰਤਾ ਦਾ ਕਾਰਣ ਹੈ. ਦੇਖੋ, ਮਨੁ ਸਿਮ੍ਰਿਤਿ ਅਃ ੧੨. ਸ਼ਃ ੨੦੧ ਅਤੇ ਅਤ੍ਰਿ ਸਿਮ੍ਰਿਤਿ ਸ਼ਃ ੨੯੩, ਇਸਲਾਮ ਮਤ ਅਨੁਸਾਰ ਊਂਟ ਪਵਿਤ੍ਰ ਜੀਵ ਅਤੇ ਕੁਰਬਾਨੀ ਯੋਗ੍ਯ ਹੈ. ਦੇਖੋ, ਹੱਜ.

ਉਸਟੰਡ: ਸੰ. उषितान्ध्य- ਉਸ਼ਿਤਾਂਧ੍ਯ. ਸੰਗਜਾ- ਅੰਧੇਰੇ ਵਿੱਚ ਬੈਠਣ ਦੀ ਕ੍ਰਿਯਾ. ਭਾਵ- ਬਿਨਾ ਵਿਚਾਰੇ ਕਿਸੇ ਕਰਮ ਦੇ ਕਰਨ ਦਾ ਹਠ। ੨. ਉਪਦ੍ਰਵ। ੩. ਨਿੰਦਾ। ੪. ਝਗੜਾ। ੫. ਸੰ. ਉੱਚੰਡ. ਵਿ- ਵਡਾ ਕ੍ਰੋਧੀ। ੬. ਕਈ ਇਸ ਦਾ ਮੂਲ 'ਉਸਟ- ਅੰਡ' ਮੰਨਦੇ ਹਨ. ਜਿਸ ਤਰ੍ਹਾਂ ਉੱਠ ਦਾ ਆਂਡਾ ਅਣਹੋਣੀ ਗੱਲ ਹੈ, ਤਿਵੇਂ ਅਸੰਭਵ ਬਾਤ.

ਉਸਟ੍ਰ. ਊਂਟ. ਸ਼ੁਤਰ. ਦੇਖੋ, ਉਸਟ.

ਉਸਟ੍ਰੀ: ਵਿ- ਊਂਟ ਨਾਲ ਸੰਬੰਧਿਤ. ਸ਼ੁਤਰੀ. ਦੇਖੋ, ਉਸਟ੍ਰੀ ਦਮਾਮਾ। ੨. ਸੰ. उष्ट्र- ਉਸ੍ਟ੍ਰੀ. ਸੰਗਯਾ- ਊਂਟ ਦੀ ਮਦੀਨ. ਊਂਟਨੀ. ਊਠਨੀ.

ਉਸਟ੍ਰੀ ਦਮਾਮਾ: ਸੰਗਜਾ- ਸ਼ੁਤਰ ਉੱਪਰ ਰੱਖਕੇ ਬਜਾਉਣ ਵਾਲਾ ਨਗਾਰਾ. ਸ਼ੁਤਰੀ ਨੌਬਤ. "ਮਚੇ ਕੋਪ ਕੈਕੈ ਸੁ ਉਸਟ੍ਰੀ ਦਮਾਮੇ." (ਚਰਿਤ੍ਰ ੪੦੫)

ਉਸਤ: ਫ਼ਾ. است ਸੰਗਜਾ- ਨਿਤੰਬ. ਚਿੱਤੜ। ੨. ਫੈਂਕਣਾ. ਵਗਾਉਣਾ.

ਉਸਤਖਾਨ, ਉਸਤਖ੍ਵਾਨ: ਫ਼ਾ. استخوان ਸੰਗਜਾ- ਉਹ ਵਸਤੁ, ਜੋ ਭੋਜਨ ਕਰਦੇ ਸਿੱਟ ਦਿੱਤੀ ਜਾਵੇ, ਜੈਸੇ- ਮਾਸ ਦੀ ਹੱਡੀ ਅਤੇ ਫਲ ਦੀ ਗੁਠਲੀ ਆਦਿਕ. ਖਾਦਨ (ਖਾਣ) ਤੋਂ ਬਚੀ ਹੋਈ ਅਸਿਥ (ਹੱਡੀ "ਉਸਤਖਾਨ ਗੋਸ਼ਤ ਮਗਜ਼ਹਿ ਪੁਨ." (ਨਾਪ੍ਰ)

ਉਸਤਤ, ਉਸਤਤਿ: ਸੰ. ਸ੍ਤੁਤਿ. ਸੰਗਜਾ- ਤਾਰੀਫ (ਤਅ਼ਰੀਫ) ਵਡਿਆਈ. ਸ਼ਲਾਘਾ. "ਉਸਤਤਿ ਕਹਨੁ- ਨ ਜਾਇ ਮੁਖਹੁ ਤੁਹਾਰੀਆਂ." (ਫੁਨਹੇ ਮਃ ੫) ਦੇਖੋ, ਸ੍ਤੁ

ਉਸਤਤਿਵ੍ਯਾਜ ਨਿੰਦਾ: ਸੰ. ਸ੍ਤੁਤਿਵ੍ਯਾਜ ਨਿੰਦਾ. ਸੰਗਜਾ- ਵਡਿਆਈ ਦੇ ਬਹਾਨੇ ਨਿੰਦਾ ਕਰਨੀ। ੨. ਇੱਕ ਅਰਥਾਲੰਕਾਰ. ਦੇਖੋ, ਵ੍ਯਾਜਨਿੰਦਾ.

ਉਸਤਰਾ: ਫ਼ਾ. استرا ਉਸਤਰਾ. ਉਸਤੁਰਦਨ (ਮੁੰਡਨ) ਦਾ ਸੰਦ. ਪੱਛਣਾ. ਸੰ. ਕ੍ਸ਼ੁਰ.

ਉਸਤਵਾਰ: ਫ਼ਾ. استوار ਵਿ- ਦ੍ਰਿੜ. ਮਜ਼ਬੂਤ। ੨. ਈਮਾਨਦਾਰ. ਧਰਮ ਵਿੱਚ ਪੱਕਾ.

ਉਸਤਾ: ਫ਼ਾ. استا ਉਸ੍ਤਾ. ਪਾਰਸੀਆਂ ਦੇ ਧਰਮਗ੍ਰੰਥ ਜ਼ੰਦ ਦਾ ਟੀਕਾ. ਇਸ ਨੂੰ ਅਨੇਕ ਲੇਖਕ ਅਵੇਸ੍ਤਾ ਕਹਿੰਦੇ ਹਨ, ਅਤੇ ਇਕੱਠਾ ਸ਼ਬਦ "ਜ਼ੰਦ ਉਸ੍ਤਾ" ਪਦ ਆਉਂਦਾ ਹੈ. ਦੇਖੋ. ਜੰਦ ੩। ੨. ਉਸਤਾਦ ਸ਼ਬਦ ਦਾ ਸੰਖੇਪ.

ਉਸਤਾਦ: ਫ਼ਾ. استاد ਸੰਗਜਾ- ਅਧਜਾਪਕ. ਸਿਖਜਾ ਦੇਣ ਵਾਲਾ। ੨. ਭਾਵ- ਸਤਿਗੁਰ ਨਾਨਕ. "ਤਿਨ ਉਸਤਾਦ ਪਨਾਹਿ." (ਵਾਰ ਮਾਰੂ ੨. ਮਃ ੫)

ਉਸ਼ਤਰ: ਦੇਖੋ ਉਸਟ.

ਉਸਤੋਤ੍ਰ: ਸੰ. ਸ੍ਤੋਤ੍ਰ. ਸੰਗਜਾ- ਉਸਤਤਿ. ਤਾਰੀਫ਼। ਪ੍ਰਸ਼ੰਸਾ। ੨. ਉਸਤਤਿ ਦਾ ਛੰਦ. ਦੇਖੋ, ਸ੍ਤੁ. ਪੰਜਾਬੀ ਵਿੱਚ ਇਸ ਦਾ ਉੱਚਾਰਣ ਅਸਤੋਤ੍ਰ ਭੀ ਹੈ.

ਉਸਨ: ਸੰ. उष्ण- ਉਸ੍ਣ. ਵਿ- ਤੱਤਾ. ਗਰਮ। ੨. ਸੰਗਜਾ- ਗਰਮ ਰੁੱਤ. ਗਰਮੀ. ਗ੍ਰੀਖਮ. "ਉਸਨ ਸੀਤ ਕਰਤਾ ਕਰੈ" (ਬਿਲਾ ਮ ੫) ੩. ਗਠਾ. ਪਿਆਜ਼. ਰੁਪੱਾ। ੪. ਪੁਰਾਣਾਂ ਅਨੁਸਾਰ ਇੱਕ ਖ਼ਾਸ ਨਰਕ ੫. ਅਗਨਿ। ੬. ਸੂਰਜ। ੭. ਫੁਰਤੀਲਾ। ਆਲਸ ਰਹਿਤ। ਦੇਖੋ, ਉਸ ੩.

ਉਸਨਕ: ਸ. उष्णक. ਵਿ- ਫਰਤੀਲਾ. ਚਾਲਾਕ। ੨. ਗਰਮ ਕਰਨ ਵਾਲਾ. ਤਾਪਕ

ਉਸਨਤਾਪ: ਸੰ. उष्णताप. ਉਸ਼੍ਣਤਾਪ. ਸੰਗਜਾ- ਪਿੱਤਜ਼ਰ ਗਰਮੀ ਤੋਂ ਹੋਇਆ ਤਾਪ, ਪਿੱਤ ਦੇ ਵਿਕਾਰ ਤੋਂ ਹੋਇਆ ਬੁਖਾਰ




# MAANSAROVAR

- Written by **Dr. Kulwant Singh**
- It is a compilation of Shabad lines based on various **topics** such as:
    - ਉਪਦੇਸ
    - ਸਿਮਰਨ
- All topics are listed in alphabetic order
- Shabad lines include key words based on topic and also page number of reference documents (Guru Granth Sahib ji, Bhai Gurdas ji Vaars)

# MAAN SAROVAR : Example

### ੴ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ (1, 1-1)

### ਉੱਦਮ

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥ (5, 495-2)

ਉਦਮੁ ਕਰਤ ਮਨੁ ਨਿਰਮਲੁ ਹੋਆ ॥ (5, 99-11)

ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥ (5, 815-17)

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ (5, 522-15)

ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ ॥ (5, 137-11)

ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ ॥ (5, 519-8)

ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ ॥ (5, 705-7)

### ਉੱਧਾਰ

ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥ (5, 214-12)

ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥ ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥ (5, 300-11)

ਜਗਤੁ ਜਲ ਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ (3, 853-11)

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥ ਜਿਨਿ ਜਾਨਿਓ ਪ੍ਰਭੁ ਆਂਪਨਾ ਨਾਨਕ ਤਿਸਹਿ ਰਵਾਲ ॥ (5, 300-14)

ਜੇਤੇ ਖੰਡ ਬ੍ਰਹਮੰਡ ਉਧਾਰੇ ਤਿਨ੍ਹ ਖੇ ॥ (5, 397-19)

ਮਿਥਨ ਮੋਹ ਅਗਨਿ ਸੋਕ ਸਾਗਰ ॥ ਕਰਿ ਕਿਰਪਾ ਉਧਰੁ ਹਰਿ ਨਾਗਰ ॥ (5, 760-2)

ਉਧਰੇ ਭ੍ਰਮ ਮੋਹ ਸਾਗਰ ॥ ਲਗਿ ਸੰਤਨਾ ਪਗ ਪਾਲ ॥ (5, 1119-13)

ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ ॥ (5, 828-3)

ਸਾਧੂ ਸੰਗਿ ਹੋਵੈ ਉਧਾਰੁ ॥ (5, 1138-9)

ਉਧਰੇ ਸੰਤ ਪਰੇ ਹਰਿ ਸਰਨੀ ਪਚਿ ਬਿਨਸੇ ਮਹਾ ਅਹੰਕਾਰੀ ॥ (5, 916-16)

### ਗੁਰ ਅਸਥਾਨ

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ (5, 319-6)

ਸਾਧਸੰਗਿ ਹਰਿ ਕੀਰਤਨੁ ਗਾਈਐ ॥ ਇਹੁ ਅਸਥਾਨੁ ਗੁਰੂ ਤੇ ਪਾਈਐ ॥ (5, 385-17)

ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ (5, 385-14)

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥ ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥ (4, 450-17)

### ਗੁਰਸਿੱਖ

ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥ (4, 450-18)

ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ ॥ (4, 451-3)

ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥ (4, 450-19)

ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥ (4, 451-3)

ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨ੍ਹਾ ਮੇਰਾ ਸਤਿਗੁਰੁ ਤੁਠਾ ॥ (4, 451-4)

### ਗੁਰਦੁਆਰਾ

ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥ (1, 1015-17)

ਗੁਰੂਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥ (3, 554-7)

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥ (3, 922-12)

ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥ ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥ (5, 1075-3)

ਦੇਹਿ ਦੇਹਿ ਆਖੈ ਸਭੁ ਕੋਈ ਜੈ ਭਾਵੈ ਤੈ ਦੇਇ ॥ ਗੁਰੂ ਦੁਆਰੈ ਦੇਵਸੀ ਤਿਖਾ ਨਿਵਾਰੈ ਸੋਇ ॥ (1, 933-16)

ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥ (1, 730-1)

### ਗੁਰਮੱਤ

ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥ (4, 538-1)

ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ (1, 225-5)

ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥ (4, 538-3)

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥ (1, 1198-2)

ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ (1, 1041-7)

ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥ (3, 30-9)

ਗੁਰਮਤਿ ਸਾਚੀ ਸਬਦੁ ਹੈ ਸਾਰੁ ॥ ਹਰਿ ਕਾ ਨਾਮੁ ਰਖੈ ਉਰਿ ਧਾਰਿ ॥ (1, 1276-2)

# Reference documents

Links to download electronic versions of Mahan Kosh and Maansarovar:

**Mahankosh**
http://old.sgpc.net/CDN/Mahankosh.pdf
http://www.gurbanifiles.org/gurmukhi/index.htm
**Maansarovar**
http://www.gurbanifiles.org/gurmukhi/index.htm

# Home work

**I. Amrit Keertan Pothi** a. Using an Amrit Keertan Pothi, find and list at least 1 shabad per topic. Include shabad title and reference document page number (eg SGGS 45)

i. ਅਰਦਾਸ ii. ਸਤਿਗੁਰੂ iii. ਆਰਤੀ iv. ਗੁਰਸਿੱਖ v. ਖਾਲਸਾ

b. Using an Amrit Keertan Pothi, find the following shabads and list their page number in Amrit Keertan, Shabad title, reference document page number and Topic of that shabad

i. ਹਾ ਹਾ ਪ੍ਰਭ ਰਾਖਿ ii. ਚਿਤਵਤ ਪਾਪ ਨ ਆਲਕੁ iii. ਕਲਜੁਗਿ ਨਾਵੈ ਕੀ ਵਡਿਆਈ

**II. Mahankosh** a. Find and list the meanings of each of the following words from Mahan Kosh:

i. ਲਿਵਤਾਰ ii. ਵਿਗਾਸ iii. ਸੋਰਠ iv. ਰਾਮਗੜ੍ਹ v. ਕਾਰਜ

vi ਜਾਗਤਿ vii. ਜੋਤ viii. ਜਪ ix. **ਬ੍ਰਤ** x. **ਸੰਜਮ** xi. **ਤੀਰਥ** xii. **ਖਾਲਸ**

**III. Maansarovar** a. Find and list a shabad for each of the following topics and include page number in Maansarovar and page number of reference document:

i. ਚਤੁਰਾਈ ii. ਜੋਗ iii. ਪੁਕਾਰ iv. ਰਤਨ v. ਵੈਦ